ਸ਼ੇਅਰ ਬਾਜ਼ਾਰ

ਸੈਂਸੈਕਸ	36,139.98
ਨਿਫ਼ਟੀ	11,082.60

ਸਰਾਫ਼ਾ ਬਾਜ਼ਾਰ

ਸੋਨਾ	29,968/ 10 ਗ੍ਰਾਮ
ਚਾਂਦੀ	39,900/ ਕਿਲੋ

ਰੁਪਏ ਦੀ ਕੀਮਤ

ਡਾਲਰ	63.77
ਯੂਰੋ	78.24
ਪਾਊਂਡ	88.79

ਫ਼ਿਲਮ ਨਿਰਮਾਤਾ ਮਹੇਸ਼ ਭੱਟ ਦਾ ਐਲਪੀਯੂ ਪਹੁੰਚਣ 'ਤੇ ਨਿੱਘਾ ਸਵਾਗਤ

- ਜਰਨਲਿਜ਼ਮ ਅਤੇ ਫ਼ਿਲਮ ਪ੍ਰਾਡਕਸ਼ਨ ਦੇ ਵਿਦਿਆਰਥੀਆਂ ਨਾਲ ਕੀਤਾ ਵਿਚਾਰ-ਵਟਾਂਦਰਾ
- 'ਬਾਤ ਨਿਕਲੇਗੀ ਤੋਂ' ਨਾਟਕ ਦਾ ਮੰਚਨ

ਜਲੰਧਰ, 23 ਜਨਵਰੀ (ਅਮਰਿੰਦਰ ਸਿੱਧੂ) : ਸਥਾਨਕ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸ਼ਾਂਤੀ ਦੇਵੀ ਆਡੀਟੋਰਿਅਮ ਵਿਖੇ 'ਬਾਤ ਨਿਕਲੇਗੀ ਤੋਂ' ਨਾਟਕ ਦੇ ਮੰਚਨ ਨੇ ਹਾਜ਼ਰ ਪਤਵੰਤਿਆਂ ਦਾ ਦਿਲ ਟੋਹ ਸੋਚਣ ਦੀ ਬੁਝਾਰਤ ਪਾਈ। ਇਸ ਨਾਟਕ ਦੇ ਮੰਚਨ ਮੌਕੇ ਬਾਲੀਵੁੱਡ ਦੇ ਉੱਘੇ ਨਾਮਵਰ ਫ਼ਿਲਮ ਨਿਰਮਾਤਾ ਮਹੇਸ਼ ਭੱਟ ਦਾ ਨਿੱਘਾ ਸਵਾਗਤ ਯੂਨੀਵਰਸਿਟੀ ਦੇ ਚਾਂਸਲਰ ਅਸ਼ੋਕ ਮਿੱਤਲ ਵਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰ ਕੇ ਕੀਤਾ ਗਿਆ। ਇਸ ਮੌਕੇ ਖੇਡੇ ਗਏ ਉਕਤ ਨਾਟਕ ਨੇ 1990 ਦੇ ਆਲੇ-ਦੁਆਲੇ ਦੀਆਂ ਦਿੱਲੀ ਸ਼ਹਿਰ 'ਚ ਵਾਪਰੀਆਂ ਘਟਨਾਵਾਂ ਨੂੰ ਦਰਸਾਉਂਦਿਆਂ ਪੈਦਾ ਹੋਏ ਹਾਲਾਤਾਂ ਬਾਰੇ ਪੇਸ਼ਕਾਰੀ ਦਿਤੀ।

ਫ਼ਿਲਮ ਨਿਰਮਾਤਾ ਮਹੇਸ਼ ਭੱਟ ਨੇ ਐਲਪੀਯੂ ਦੇ ਜਰਨਲਿਜ਼ਮ ਅਤੇ ਫਿਲਮ ਪ੍ਰੋਡਕਸ਼ਨ ਦੇ ਵਿਦਿਆਰਥੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।

ਇਸ ਤੋਂ ਪਹਿਲਾਂ ਵੀ ਮਹੇਸ਼ ਭੱਟ ਦਾ ਕੈਂਪਸ 'ਚ ਪਹੁੰਚਣ 'ਤੇ ਸਵਾਗਤ ਕਰਦੇ ਹੋਏ, ਐਲਪੀਯੂ ਦੇ ਚਾਂਸਲਰ ਸ਼੍ਰੀ ਅਸ਼ੋਕ ਮਿੱਤਲ ਨੇ ਕਿਹਾ-'ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਬਾਲੀਵੁਡ ਦੀ ਮਹਾਨ ਹਸਤੀ ਮਹੇਸ਼ ਭੱਟ ਅਤੇ ਥਿਏਟਰ ਜਗਤ ਦੇ ਹੋਰ ਟੌਪ ਐਕਟਰ ਸਾਡੇ ਵਿੱਚ ਮੌਜੂਦ ਹਨ ਅਤੇ ਜਿਨ੍ਹਾਂ ਨੇ ਐਲਪੀਯੂ ਦੀ ਸਟੇਜ 'ਤੇ ਆਪਣੇ ਬੇਹਤਰੀਨ ਨਾਟਕ ਦੇ ਮੰਚਨ ਲਈ ਐਲਪੀਯੂ ਨੂੰ ਚੁਣਿਆ ਹੈ। ਇਸ ਨਾਲ ਸਾਡੇ ਵਿਦਿਆਰਥੀਆਂ ਨੂੰ ਯਕੀਨੀ ਤੌਰ 'ਤੇ ਵਿਸਤ੍ਰਿਤ ਗਿਆਨ ਦੀ ਪ੍ਰਾਪਤੀ ਹੋਵੇਗੀ।'

ਨਾਟਕ 'ਚ ਸੰਦੇਸ਼ ਲਈ ਟਿੱਪਣੀ ਕਰਦੇ ਹੋਏਸ਼੍ਰੀ ਭੱਟ ਨੇ ਕਿਹਾ-'ਇਹ ਨਾਟਕ ਯੁਵਾ ਪੀੜ੍ਹੀ ਲਈ ਹੈ ਅਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕੇਵਲ ਆਦਮੀ 'ਤੇ ਹੀ ਨਿਰਭਰ ਕਰਦਾ ਹੈ ਕਿ ਉਹ ਆਪਣੀ ਜਿੰਦਗੀ 'ਚ ਕਿਸ ਤਰ੍ਹਾਂ ਦੀ ਸਫਲਤਾ ਵੇਖਣਾ ਚਾਹੁੰਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਨੈਤਿਕ ਗੁਣਾਂ ਅਤੇ ਸਿਧਾਂਤਾਂ ਦਾ ਅਪਣਾਉਂਦਿਆਂ ਹਰੇਕ ਨੂੰ ਚੰਗੇ ਸਪਨੇ ਸਪਨੇ ਵੇਖਣੇ ਚਾਹੀਦੇ, ਇਸ ਨੂੰ ਸਾਕਾਰ ਹੋਣ 'ਚ ਰੁਕਾਵਟਾਂ ਆਉਣ ਉਨਾਂ ਨੂੰ ਦੂਰ ਕਰਨਾ ਚਾਹੀਦਾ ਅਤੇ ਫਿਰ ਉਹ ਪ੍ਰਾਪਤ ਕਰਨਾ ਚਾਹੀਦਾ ਜਿਸ ਦੀ ਇਨਸਾਨ ਇੱਛਾ ਕਰਦਾ ਹੈ।' ਉਨ੍ਹਾਂ ਨੇ ਅੱਗੇ ਕਿਹਾ-'ਮੈਂ ਇਸ ਗੱਲ ਦੀ ਬਹੁਤ ਪ੍ਰਸ਼ੰਸਾ ਕਰਦਾ ਹਾਂ ਕਿ ਕਈ ਹਜਾਰਾਂ ਵਿਦਿਆਰਥੀਆਂ ਨੇ ਨਾਟਕ ਨੂੰ ਪੂਰੀ ਲਗਨ ਨਾਲ ਵੇਖਿਆ ਅਤੇ ਇਸ ਦੇ ਪ੍ਰਤੀ ਸਮਰਪਤ ਰਹੇ। ਨਾਟਕ ਦੇ ਮੰਚਨ ਦੌਰਾਨ ਮੈਂ ਇਹ ਵੀ ਮਹਿਸੂਸ ਕੀਤਾ ਕਿ ਸਮਾਜਿਕ ਤੌਰ 'ਤੇ ਜਾਗਰੂਕ ਵਿਦਿਆਰਥੀ-ਦਰਸ਼ਕਾਂ ਨੇ ਇਸਦੇ ਪ੍ਰਤੀ ਪੂਰੀ ਸਾਕਾਰਤਮਕ ਪ੍ਰਤਿਕਿਰਿਆ ਦਰਸਾਈ। ਮੈਂ ਸਾਰੇ ਵਿਦਿਆਰਥੀ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਨਾਟਕ ਦੇ ਚਰਿੱਤਰਾਂ ਨਾਲ ਅਪਣੇ-ਆਪ ਨੂੰ ਮਿਲਾਉਂਦੇ ਹੋਏ ਨਾਟਕ ਦੀ ਭਰਪੂਰ ਸ਼ਲਾਘਾ ਕੀਤੀ।

ਯੂਨੀਵਰਸਟੀ ਦੇ ਚਾਂਸਲਰ ਅਸ਼ੋਕ ਮਿੱਤਲ ਫੁੱਲਾਂ ਦਾ ਗੁਲਦਸਤਾ ਭੇਟ ਕਰ ਕੇ ਫਿਲਮ ਨਿਰਮਾਤਾ ਮਹੇਸ਼ ਭੱਟ ਦਾ ਸਵਾਗਤ ਕਰਦੇ ਹੋਏ (ਸੱਜੇ) ਵਿਦਿਆਰਥੀਆਂ ਵਲੋਂ ਪੇਸ਼ ਕੀਤੇ ਗਏ ਨਾਟਕ ਦੀ ਝਲਕ।


ਮੁੰਬਈ ਵਿਖੇ ਇਕ ਆਸਟਰੇਲੀਆ ਪ੍ਰੋਮੋਸ਼ਨਲ ਸਮਾਰੋਹ ਦੌਰਾਨ ਵੱਖਰੇ ਅੰਦਾਜ਼ ਵਿਚ ਬਾਲੀਵੁੱਡ ਅਦਾਕਾਰਾ ਪਰੀਨਿਤੀ ਚੋਪੜਾ। (ਪੀ.ਟੀ.ਆਈ.)

ਸੰਖੇਪ ਖ਼ਬਰਾਂ...

ਰੈਨਾ ਦੇ ਸੈਂਕੜੇ ਨੇ ਯੂ. ਪੀ. ਨੂੰ ਬੰਗਾਲ ਵਿਰੁਧ ਦਿਵਾਈ ਵੱਡੀ ਜਿੱਤ

ਕੋਲਕਾਤਾ, 27 ਜਨਵਰੀ : ਪਿਛਲੇ ਕਾਫੀ ਸਮੇਂ ਤੋਂ ਅਪਣੀ ਫ਼ਾਰਮ ਨਾਲ ਜੂਝ ਰਹੇ ਟੀ-20 ਦੇ ਮਾਹਰ ਬੱਲੇਬਾਜ਼ ਸੁਰੇਸ਼ ਰੈਨਾ ਨੇ ਆਖ਼ਰ ਫ਼ਾਰਮ 'ਚ ਵਾਪਸੀ ਕਰ ਲਈ ਤੇ ਉਸ ਨੇ ਬੰਗਾਲ ਵਿਰੁਧ ਤੂਫ਼ਾਨੀ 126 ਦੌੜਾਂ ਬਣਾ ਕੇ ਉੱਤਰ ਪ੍ਰਦੇਸ਼ ਨੂੰ ਸੁਪਰ ਲੀਗ ਗਰੁੱਪ-ਬੀ ਮੈਚ 'ਚ ਸੋਮਵਾਰ 75 ਦੌੜਾਂ ਨਾਲ ਵੱਡੀ ਜਿੱਤ ਦਿਵਾ ਦਿਤੀ। ਰੈਨਾ ਨੇ ਸਿਰਫ਼ 59 ਗੇਂਦਾਂ 'ਚ 13 ਚੌਕੇ ਤੇ 7 ਛੱਕੇ ਲਗਾਉਂਦਿਆਂ ਅਜੇਤੂ 126 ਦੌੜਾਂ ਬਣਾਈਆਂ, ਜਿਸ ਦੀ ਬਦੌਲਤ ਉੱਤਰ ਪ੍ਰਦੇਸ਼ ਨੇ 20 ਓਵਰਾਂ 'ਚ 3 ਵਿਕਟਾਂ 'ਤੇ 235 ਦੌੜਾਂ ਦਾ ਵੱਡਾ ਸਕੋਰ ਬਣਾਇਆ। ਇਸ ਦੇ ਜਵਾਬ 'ਚ ਬੰਗਾਲ ਦੀ ਟੀਮ ਚਾਈਨਾਮੈਨ ਗੇਂਦਬਾਜ਼ ਕੁਲਦੀਪ ਯਾਦਵ ਦੀ ਫਿਰਕੀ ਦਾ ਸਾਹਮਣਾ ਨਹੀਂ ਕਰ ਸਕੀ ਤੇ 16.1 ਓਵਰਾਂ 'ਚ 160 ਦੌੜਾਂ 'ਤੇ ਹੀ ਢੇਰ ਹੋ ਗਈ। (ਏਜੰਸੀ)

ਪੀ. ਡਬਲਿਊ.ਐਲ : ਮੁੰਬਈ ਮਹਾਰਥੀ ਪੰਜਾਬ ਤੋਂ ਹਾਰ ਕੇ ਬਾਹਰ



ਨਵੀਂ ਦਿੱਲੀ, 23 ਜਨਵਰੀ : ਪੰਜਾਬ ਰਾਇਲਸ ਦੀ ਟੀਮ ਨੇ ਪੇਸ਼ੇਵਰ ਕੁਸ਼ਤੀ ਲੀਗ (ਪੀ. ਡਬਲਿਊ. ਐਲ.) ਦੇ ਮੁਕਾਬਲੇ ਵਿਚ ਅੱਜ ਇਥੇ ਮੁੰਬਈ ਮਹਾਰਥੀ ਨੂੰ ਹਰਾ ਕੇ ਉਸ ਦੀ ਸੈਮੀਫ਼ਾਈਨਲ ਵਿਚ ਪੁੱਜਣ ਦੀਆਂ ਉਮੀਦਾਂ ਨੂੰ ਤੋੜ ਦਿਤਾ। ਸੀਰੀਫੋਰਟ ਸਪੋਰਟਸ ਕੰਪਲੈਕਸ ਵਿਚ ਖੇਡੇ ਜਾ ਰਹੇ ਟੂਰਨਾਮੈਂਟ ਦੇ ਕਰੋ ਜਾਂ ਮਰੋ ਦੇ ਮੁਕਾਬਲੇ ਵਿਚ ਪੰਜਾਬ ਰਾਇਲਸ ਦੀ ਟੀਮ ਨੇ ਮੁੰਬਈ ਮਹਾਰਥੀ ਵਿਰੁਧ 5-2 ਨਾਲ ਜਿੱਤ ਦਰਜ ਕੀਤੀ। ਮੁੰਬਈ ਨੂੰ ਸੈਮੀਫ਼ਾਈਨਲ ਵਿਚ ਪੁੱਜਣ ਲਈ ਇਸ ਮੁਕਾਬਲੇ ਵਿਚ ਜਿੱਤ ਹਾਸਲ ਕਰਨੀ ਸੀ ਪਰ ਤਿੰਨ ਵੱਡੇ ਉਲਟਫੇਰ ਕਰ ਕੇ ਪੰਜਾਬ ਨੇ ਮੁੰਬਈ ਦੀਆਂ ਉਮੀਦਾਂ ਉਤੇ ਪਾਣੀ ਫੇਰ ਦਿਤਾ। ਮੁੰਬਈ ਦੇ ਸਟਾਰ ਪਹਿਲਵਾਨ ਸਾਕਸ਼ੀ ਮਲਿਕ, ਸਤਿਅਵ੍ਰਤ ਕਾਦੀਆਨ ਅਤੇ ਓਡੂਨਾਓ ਐਡੇਕੁਓਰੋਏ ਉਲਟਫੇਰ ਦੇ ਸ਼ਿਕਾਰ ਹੋਏ। (ਏਜੰਸੀ)

ਸੈਂਸੈਕਸ 36000 ਅਤੇ ਨਿਫ਼ਟੀ 11000 ਦੇ ਪਾਰ

ਨਵੀਂ ਦਿੱਲੀ, 23 ਜਨਵਰੀ : ਬਾਜ਼ਾਰ 'ਚ ਅੱਜ ਵੀ ਨਵੇਂ ਰੀਕਾਰਡ ਬਣਾਉਣ ਦਾ ਸਿਲਸਿਲਾ ਜਾਰੀ ਰਿਹਾ ਅਤੇ ਸੈਂਸੈਕਸ, ਨਿਫ਼ਟੀ ਨਵੇਂ ਪੱਧਰ 'ਤੇ ਬੰਦ ਹੋਇਆ ਹੈ। ਨਿਫ਼ਟੀ ਨੇ ਪਹਿਲੀ ਵਾਰ 11,000 ਦਾ ਅੰਕੜਾ ਪਾਰ ਕੀਤਾ ਅਤੇ ਕਲੋਜ਼ਿੰਗ ਵੀ ਇਸ ਦੇ ਉੱਪਰ ਹੀ ਰਹੀ। ਸੈਂਸੈਕਸ ਵੀ ਅੱਜ ਪਹਿਲੀ ਵਾਰ 36,000 ਦੇ ਉੱਪਰ ਨਿਕਲਿਆ ਅਤੇ ਇਸ ਦੇ ਉੱਪਰ ਨਵੇਂ ਰੀਕਾਰਡ ਨਾਲ ਬੰਦ ਹੋਇਆ। ਕਾਰੋਬਾਰ ਦੇ ਅੰਤ 'ਚ ਸੈਂਸੈਕਸ 341.97 ਅੰਕ ਭਾਵ 0.96 ਫ਼ੀ ਸਦੀ ਵਧ ਕੇ 36,139.98 'ਤੇ ਅਤੇ ਨਿਫ਼ਟੀ 116.40 ਅੰਕ ਭਾਵ 1.06 ਫ਼ੀ ਸਦੀ ਵਧ ਕੇ 11,082.60 'ਤੇ ਬੰਦ ਹੋਇਆ ਸੀ।

ਮਿਡਕੈਪ ਸ਼ੇਅਰਾਂ 'ਚ ਚੰਗੀ ਖਰੀਦਾਰੀ ਦੇਖਣ ਨੂੰ ਮਿਲੀ ਹੈ ਜਦਕਿ ਅੱਜ ਸਮਾਲਕੈਪ ਸ਼ੇਅਰਾਂ 'ਚ ਥੋੜ੍ਹੀ ਨਰਮੀ ਵੇਖਣ ਨੂੰ ਮਿਲੀ ਹੈ। ਬੀ.ਐਸ.ਈ. ਦਾ ਮਿਡਕੈਪ ਇੰਡੈਕਸ 1.1 ਫ਼ੀ ਸਦੀ ਉਛਲ ਕੇ 18,079 ਦੇ ਪੱਧਰ 'ਤੇ ਬੰਦ ਹੋਇਆ ਹੈ। ਨਿਫ਼ਟੀ ਦਾ ਮਿਡਕੈਪ 100 ਇੰਡੈਕਸ 1 ਫ਼ੀ ਸਦੀ ਦੇ ਵਾਧੇ ਨਾਲ 31,732 ਦੇ ਪੱਧਰ 'ਤੇ ਬੰਦ ਹੋਇਆ। ਬੀ.ਐੱਸ.ਈ. ਦਾ ਸਮਾਲਕੈਪ ਇੰਡੈਕਸ 0.2 ਫ਼ੀ ਸਦੀ ਦੇ ਮਾਮੂਲੀ ਵਾਧੇ ਨਾਲ 19,651 ਦੇ ਪੱਧਰ 'ਤੇ ਬੰਦ ਹੋਇਆ ਹੈ। ਮੈਟਲ, ਬੈਂਕਿੰਗ, ਆਈ.ਟੀ, ਫਾਰਮਾ, ਕੈਪੀਟਲ ਗੁਡਸ ਅਤੇ ਆਇਲ ਐਂਡ ਗੈਸ ਸ਼ੇਅਰਾਂ 'ਚ ਖਰੀਦਾਰੀ ਦਿਸੀ ਹੈ। ਬੈਂਕ ਨਿਫ਼ਟੀ 1.3 ਫ਼ੀ ਸਦੀ ਦੀ ਮਜ਼ਬੂਤੀ ਨਾਲ 37,391 ਦੇ ਨਵੇਂ ਰਿਕਾਰਡ ਪੱਧਰ 'ਤੇ ਬੰਦ ਹੋਇਆ ਹੈ। ਅੱਜ ਬੈਂਕ ਨਿਫ਼ਟੀ ਨੇ 27,422 ਦਾ ਨਵਾਂ ਰੀਕਾਰਡ ਉਪਰੀ ਪੱਧਰ ਛੂਹਿਆ। ਉਧਰ ਨਿਫ਼ਟੀ ਦੇ ਮੈਟਲ ਇੰਡੈਕਸ 'ਚ 4.1 ਫ਼ੀ ਸਦੀ, ਪੀ.ਐਸ.ਯੂ ਬੈਂਕ ਇੰਡੈਕਸ 'ਚ 4 ਫ਼ੀ ਸਦੀ, ਆਈ.ਟੀ ਇੰਡੈਕਸ 'ਚ 1.2 ਫ਼ੀ ਸਦੀ ਅਤੇ ਫਾਰਮਾ ਇੰਡੈਕਸ 'ਚ 1.2 ਫ਼ੀ ਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਬੀ.ਐਸ.ਈ. ਦੇ ਕੈਪੀਟਲ ਗੁਡਸ ਇੰਡੈਕਸ 'ਚ 0.7 ਫ਼ੀ ਸਦੀ ਅਤੇ ਆਇਲ ਐਂਡ ਗੈਸ ਇੰਡੈਕਸ 'ਚ ਕਰੀਬ 2 ਫ਼ੀ ਸਦੀ ਦੀ ਮਜ਼ਬੂਤੀ ਆਈ ਹੈ। ਹਾਲਾਂਕਿ ਅੱਜ ਮੀਡੀਆ ਅਤੇ ਕੰਜ਼ਿਊਮਰ ਡਿਊਰੇਬਲਸ ਸ਼ੇਅਰਾਂ 'ਚ ਦਬਾਅ ਦੇਖਣ ਨੂੰ ਮਿਲਿਆ ਹੈ। (ਏਜੰਸੀ)

ਸ਼ਾਸਤਰੀ ਨੇ ਮੰਨੀ ਗ਼ਲਤੀ : ਕਿਹਾ, 10 ਦਿਨ ਪਹਿਲਾਂ ਜਾਣਾ ਚਾਹੀਦਾ ਸੀ ਅਫ਼ਰੀਕਾ

ਜੋਹਾਨਸਬਰਗ, 23 ਜਨਵਰੀ : ਦੱਖਣੀ ਅਫ਼ਰੀਕਾ ਦੌਰੇ 'ਤੇ ਲਗਾਤਾਰ 2 ਟੈਸਟ ਮੈਚਾਂ 'ਚ ਖ਼ਰਾਬ ਪ੍ਰਦਰਸ਼ਨ ਤੋਂ ਬਾਅਦ ਭਾਰਤੀ ਟੀਮ ਦੇ ਕੋਚ ਰਵੀ ਸ਼ਾਸਤਰੀ ਨੇ ਸੋਮਵਾਰ ਨੂੰ ਗ਼ਲਤੀ ਮੰਨ ਲਈ ਕਿ ਟੀਮ ਨੂੰ ਦੌਰੇ ਦੀ ਸ਼ੁਰੂਆਤ 10 ਦਿਨ ਪਹਿਲਾਂ ਕਰਨੀ ਚਾਹੀਦੀ ਸੀ ਜਿਸ ਨਾਲ ਖਿਡਾਰੀ ਇੱਥੋਂ ਦੇ ਹਲਾਤਾਂ ਨੂੰ ਸਮਝ ਸਕਣ। ਸ਼ਾਸਤਰੀ ਨੇ ਇਸ ਦੇ ਨਾਲ ਹੀ ਕਿਹਾ ਕਿ ਭਵਿੱਖ 'ਚ ਟੀਮ ਦੇ ਦੌਰੇ 'ਤੇ ਤਿਆਰੀਆਂ ਲਈ ਤੇ ਜ਼ਿਆਦਾ ਸਮਾਂ ਦਿਤਾ ਜਾਣਾ ਚਾਹੀਦਾ। ਭਾਰਤੀ ਟੀਮ ਸੀਰੀਜ਼ ਦਾ ਤੀਸਰਾ ਤੇ ਆਖਰੀ ਮੈਚ ਬੁਧਵਾਰ ਨੂੰ ਖੇਡੇਗੀ।

ਭਾਰਤੀ ਟੀਮ ਦੱਖਣੀ ਅਫ਼ਰੀਕਾ ਦੌਰੇ 'ਤੇ 28 ਦਸੰਬਰ ਨੂੰ ਪਹੁੰਚੀ ਸੀ ਤੇ ਪਹਿਲਾ ਟੈਸਟ ਮੈਚ 5 ਜਨਵਰੀ ਤੋਂ ਸੀ। ਭਾਰਤੀ ਕੋਚ ਨੇ ਅਭਿਆਸ ਸੈਸ਼ਨ ਤੋਂ ਬਾਅਦ ਕਿਹਾ ਕਿ ਅਸੀਂ ਘਰੇਲੂ ਸਥਿਤੀ ਤੋਂ ਜਾਣੂ ਹਾਂ। ਕੋਚ ਨੇ ਕਿਹਾ ਕਿ ਇੱਥੇ ਅਭਿਆਸ ਦੇ ਲਈ 10 ਦਿਨ ਹੋਰ ਮਿਲਦੇ ਤਾਂ ਕਾਫੀ ਬਦਲਾਵ ਹੁੰਦਾ। ਉਨ੍ਹਾਂ ਨੇ ਕਿਹਾ ਕਿ ਅਸੀਂ ਕੋਈ ਬਹਾਨਾ ਨਹੀਂ ਬਣਾਉਣਾ ਚਾਹੁੰਦੇ, ਅਸੀਂ ਜਿਸ ਪਿਚ 'ਤੇ ਖੇਡਦੇ ਹਾਂ, ਇਹ ਦੋਵੇਂ ਟੀਮਾਂ ਲਈ ਸੀ ਤੇ ਮੈਂ ਉਸ ਗਲ 'ਤੇ ਧਿਆਨ ਦੇਣਾ ਚਾਹੁੰਦਾ ਕਿ ਦੋਵਾਂ ਟੈਸਟ 'ਚ ਅਸੀਂ 20 ਵਿਕਟ ਹਾਸਲ ਕੀਤੀਆਂ। ਜਿਸ 'ਚ ਦੋਵਾਂ ਮੈਚਾਂ 'ਚ ਜਿੱਤਣ ਦਾ ਮੌਕਾ ਮਿਲਿਆ। ਜੇਕਰ ਅਸੀਂ ਵਧੀਆ ਪ੍ਰਦਰਸ਼ਨ ਕੀਤਾ ਤਾਂ ਤੀਸਰਾ ਮੈਚ ਵੀ ਵਧੀਆ ਹੋਵੇਗਾ। ਸ਼ਾਸਤਰੀ ਨੇ ਕਿਹਾ ਟੈਸਟ ਮੈਚਾਂ ਤੋਂ 2 ਹਫ਼ਤੇ ਪਹਿਲਾਂ ਸੀਨੀਅਰ ਖਿਡਾਰੀਆਂ ਨੂੰ ਵਿਦੇਸ਼ੀ ਦੌਰਿਆ 'ਤੇ ਭੇਜਿਆ ਜਾਵੇਗਾ ਜੋ ਵਿਦੇਸ਼ੀ ਸਥਿਤੀ ਨੂੰ ਸਮਝ ਸਕਣ। (ਏਜੰਸੀ)

ਭਾਰਤੀ ਉਦਯੋਗਪਤੀਆਂ ਨੂੰ ਮਿਲੇ ਮੋਦੀ, 'ਮਿਲ ਕੇ ਅਸੀਂ ਕਰ ਸਕਦੇ ਹਾਂ' ਦਾ ਦਿਤਾ ਸੰਦੇਸ਼

ਦਾਵੋਸ, 23 ਜਨਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇਥੇ ਵਿਸ਼ਵ ਆਰਥਕ ਮੰਚ (ਡਬਲਯੂਐਫ਼) ਦੀ ਸਾਲਾਨਾ ਸ਼ਿਖਰ ਬੈਠਕ ਮੌਕੇ ਭਾਰਤੀ ਉਦਯੋਗਪਤੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ 'ਮਿਲ ਕੇ ਅਸੀਂ ਕਰ ਸਕਦੇ ਹਾਂ' ਦਾ ਸੰਦੇਸ਼ ਦਿਤਾ। ਭਾਰਤ ਨੇ ਡਬਲਯੂ.ਐਫ਼. ਵਿਚ ਦੇਸ਼ ਦੀ ਵਿਕਾਸ ਦੀ ਕਹਾਣੀ ਦੇ ਪਿਛੇ ਸਮੂਹਕ ਯਤਨ 'ਤੇ ਜ਼ੋਰ ਦਿਤਾ ਹੈ।

ਇਸ ਬੈਠਕ ਵਿਚ ਰਾਹੁਲ ਬਜਾਜ, ਚੰਦਾ ਕੋਚਰ, ਉਦੇ ਕੋਟਕ, ਨਰੇਸ਼ ਗੋਇਲ, ਐਨ ਚੰਦਰਸ਼ੇਖਰਨ, ਆਨੰਦ ਮਹਿੰਦਰਾ, ਸੁਨੀਲ ਮਿੱਤਲ, ਰਵੀ ਰੂਇਆ ਅਤੇ ਚੰਦਰਜੀਤ ਬੈਨਰਜੀ ਮੌਜੂਦ ਸਨ। ਬੈਠਕ ਵਿਚ ਸੀਨੀਅਰ ਅਧਿਕਾਰੀ ਐਸ ਜੈਸ਼ੰਕਰ, ਅਮਿਤਾਭ ਕਾਂਤ, ਰਮੇਸ਼ ਅਭਿਸ਼ੇਕ ਅਤੇ ਅਤੁਲ ਚਤੁਰਵੇਦੀ ਵੀ ਮੌਜੂਦ ਸਨ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਇੰਡੀਆਮੀਂਸਬਿਜਨੇਸ ਹੈਸ਼ਟੈਗ ਦੇ ਨਾਲ ਟਵੀਟ ਕੀਤਾ, ਮਿਲ ਕੇ ਅਸੀਂ ਕਰ ਸਕਦੇ ਹਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਡਬਲਯੂਐਫ਼ ਵਿਚ ਮੌਜੂਦ ਭਾਰਤੀ ਸੀਈਓ ਹੱਥ ਨਾਲ ਹੱਥ ਮਿਲਾ ਕੇ ਦੇਸ਼ ਦੇ ਚਮਕਦਾਰ ਭਵਿੱਖ ਲਈ ਕੰਮ ਕਰਾਂਗੇ।

ਮੋਦੀ ਨੇ ਕਲ ਰਾਤ ਗੋਲਮੇਜ਼ ਰਾਤ ਦੇ ਖਾਣੇ ਸਮੇਂ ਬੈਠਕ ਵਿਚ 60 ਮੁੱਖ ਕਾਰਜਕਾਰੀ ਅਧਿਕਾਰੀਆਂ ਦੇ ਨਾਲ ਗੱਲਬਾਤ ਕੀਤੀ। ਇਸ ਵਿਚ ਕਈ ਵੱਡੀਆਂ ਕੰਪਨੀਆਂ ਦੇ ਸੀਈਓ ਸ਼ਾਮਲ ਹੋਏ। (ਏਜੰਸੀ)

ਫ਼ੋਰਟਿਸ ਮਲਾਰ ਹੋਸਪਿਟਲਜ਼ ਲਿਮਟਡ

ਕਾਰਪੋਰੇਟ ਪਛਾਣ ਨੰਬਰ: L85110PB1989PLC045948
ਰਜਿਸਟਰਡ ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼ - 8, ਮੋਹਾਲੀ-160062
ਟੈਲੀ. : +91-172-5096011; ਫ਼ੈਕਸ : +91-172-5096002
ਵੈੱਬਸਾਈਟ : www.fortismalar.com, ਈ-ਮੇਲ : secretarial.malar@malarhospitals.in

31 ਦਸੰਬਰ, 2017 ਨੂੰ ਖ਼ਤਮ ਤਿਮਾਹੀ ਤੇ ਨੌ ਮਹੀਨੇ ਲਈ ਵਿੱਤੀ ਨਤੀਜਿਆਂ ਦੀ ਸਟੇਟਮੈਂਟ

(ਰੁ. ਲੱਖਾਂ 'ਚ ਈ.ਪੀ.ਐਸ. ਤੋਂ ਸਿਵਾ)

ਵੇਰਵੇ	ਸਟੈਂਡਅਲੋਨ			
	31 ਦਸੰਬਰ, 2017 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)	31 ਦਸੰਬਰ, 2017 ਨੂੰ ਖ਼ਤਮ ਨੌ ਮਹੀਨੇ (ਅਣਪੜਤਾਲੇ)	31 ਸਤੰਬਰ, 2016 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)	31 ਮਾਰਚ, 2017 ਨੂੰ ਖ਼ਤਮ ਸਾਲ (ਪੜਤਾਲੇ)
ਕਾਰਵਾਈਆਂ ਤੋਂ ਆਮਦਨ	3,770.25	10,881.52	3,624.45	14,055.99
ਸ਼ੁੱਧ ਲਾਭ ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਪਹਿਲਾਂ)	134.94	290.42	120.42	403.83
ਸ਼ੁੱਧ ਲਾਭ ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ)	134.94	290.42	120.42	403.83
ਸ਼ੁੱਧ ਲਾਭ ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ)	90.33	194.40	85.66	282.03
ਕੁਲ ਵਿਆਪਕ (ਹਾਨੀ)/ਆਮਦਨ ਸਮੇਂ ਲਈ [ਸਮੇਂ ਲਈ ਲਾਭ ਸਮੇਤ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)]	100.20	204.05	79.11	257.99
ਅਦਾ ਕੀਤੀ ਇਕੁਇਟੀ ਸ਼ੇਅਰ ਕੈਪੀਟਲ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ)	1,869.95	1,869.95	1,867.95	1,867.95
ਰਾਖਵੇਂ ਸਮੇਤ ਪੁਨਰਮੁਲਾਂਕਣ ਰਾਖਵਾਂ	ਕੋਈ ਨਹੀਂ	ਕੋਈ ਨਹੀਂ	ਕੋਈ ਨਹੀਂ	7,959.97
ਸ਼ੇਅਰ ਅਨੁਸਾਰ ਕਮਾਈ (ਚਾਲੂ ਅਤੇ ਨਾ ਚਾਲੂ ਅਪ੍ਰੇਸ਼ਨਾਂ ਲਈ) (ਫੇਸ ਵੈਲਯੂ ਦਾ 10 ਰੁ. ਹਰੇਕ ਲਈ 10)				
(ੳ) ਬੇਸਿਕ	0.48	1.04	0.47	1.51
(ਅ) ਡਿਲੀਊਟਡ	0.48	1.03	0.47	1.50
	(ਸਾਲਾਨਾ ਨਹੀਂ)	(ਸਾਲਾਨਾ ਨਹੀਂ)	(ਸਾਲਾਨਾ ਨਹੀਂ)	(ਸਾਲਾਨਾ)

ਨੋਟ:
1. ਉੱਪਰ ਲਿਖਿਆ ਤਿਮਾਹੀ ਵਿੱਤੀ ਨਤੀਜਿਆਂ ਦਾ ਹੂ-ਬ-ਹੂ ਵਿਸਤ੍ਰਿਤ ਸਰੂਪ ਹੈ ਜੋ ਕਿ ਸਟਾਕ ਐਕਸਚੇਂਜ ਕੋਲ ਸੇਬੀ (ਸੂਚੀਕਰਨ ਫ਼ਰਜ਼ ਅਤੇ ਪ੍ਰਗਟਾਵਾ ਜ਼ਰੂਰਤਾਂ) 2015 ਦੇ ਰੈਗੂਲੇਸ਼ਨ 33 ਹੇਠ ਦਰਜ ਕਰਵਾਏ ਗਏ ਹਨ। ਤਿਮਾਹੀ ਵਿੱਤੀ ਨਤੀਜਿਆਂ ਦਾ ਪੂਰਾ ਸਰੂਪ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com) 'ਤੇ ਅਤੇ ਕੰਪਨੀ ਦੀ ਵੈੱਬਸਾਈਟ (www.fortismalar.com) 'ਤੇ ਮੌਜੂਦ ਹੈ।

ਬਾ ਹੁਕਮ ਬੋਰਡ
ਲਈ ਅਤੇ ਵਲੋਂ ਫੋਰਟਿਸ ਮਲਾਰ ਹਾਸਪੀਟੀਲਜ਼ ਲਿਮਟਿਡ
ਦਲਜੀਤ ਸਿੰਘ
ਚੇਅਰਮੈਨ
ਡੀ.ਆਈ.ਐਨ. ਨੰ. : 00135414

ਸਥਾਨ : ਚੇਨਈ
ਮਿਤੀ : 23 ਜਨਵਰੀ, 2018

ਕੇਨਰਾ ਬੈਂਕ Canara Bank

Together We Can

ਸਪੈਸ਼ਲਾਈਜ਼ਡ ਐਸਟਸ ਰਿਕਵਰੀ ਮੈਨੇਜਮੈਂਟ ਬਰਾਂਚ, ਪਲਾਟ ਨੰ. 1, ਚੌਥੀ ਮੰਜ਼ਿਲ, ਸੈਕਟਰ 34,
ਚੰਡੀਗੜ੍ਹ, ਫ਼ੋਨ ਨੰ. 0172-2601664, 2602336, ਈ-ਮੇਲ : cb5220canarabank.com

ਈ-ਨੀਲਾਮੀ ਵਿਕਰੀ ਨੋਟਿਸ

ਸਕਿਊਰਿਟੀ ਇੰਟਰੱਸਟ (ਇੰਫ਼ੋਰਸਮੈਂਟ) ਰੂਲਜ਼ 2002 ਦੇ ਰੂਲਜ਼ 8(6) ਅਤੇ 9 ਹੇਠ ਅਚੱਲ ਜਾਇਦਾਦਾਂ ਦੀ ਈ-ਨੀਲਾਮੀ (ਆਨਲਾਈਨ ਨੀਲਾਮੀ) ਰਾਹੀਂ ਵਿਕਰੀ ਲਈ ਵਿਕਰੀ ਨੋਟਿਸ

ਈ.ਐਮ.ਡੀ. ਪ੍ਰਾਪਤ ਕਰਨ ਦੀ ਆਖ਼ਰੀ ਮਿਤੀ 27.02.2018 ਸ਼ਾਮ 5:00 ਵਜੇ ਤਕ

ਨੀਲਾਮੀ ਦੀ ਮਿਤੀ : 28.02.2018 ਨੂੰ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 12:30 ਵਜੇ ਤਕ (ਵਿਕਰੀ ਮੁਕੰਮਲ ਹੋਣ ਤਕ ਬੰਦ ਹੋਣ ਦੇ ਸਮੇਂ 'ਚ 5 ਮਿੰਟਾਂ ਦੇ ਵਾਧੇ ਨਾਲ)

ਨੋਟਿਸ ਦਿਤਾ ਜਾਂਦਾ ਹੈ ਕਿ ਹੇਠਾਂ ਲਿਖੀਆਂ ਅਚੱਲ ਜਾਇਦਾਦਾਂ ਦਾ ਕਬਜ਼ਾ ਸਕਿਊਰਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ੀਅਲ ਐਸਟਸ ਐਂਡ ਇੰਫ਼ੋਰਸਮੈਂਟ ਆਫ਼ ਸਕਿਊਰਿਟੀ ਇੰਟਰੱਸਟ ਐਕਟ, 2002 ਅਤੇ ਸਕਿਊਰਿਟੀ ਇੰਟਰੱਸਟ (ਇੰਫ਼ੋਰਸਮੈਂਟ) ਰੂਲਜ਼ 2002 ਦੀਆਂ ਸ਼ਰਤਾਂ ਹੇਠ ਪ੍ਰਾਪਤ ਕਰ ਲਿਆ ਗਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਲਿਖੇ ਨਿਯਮ ਅਤੇ ਸ਼ਰਤਾਂ 'ਤੇ ਈ-ਨੀਲਾਮੀ ਰਾਹੀਂ ਵੇਚ ਦਿਤਾ ਜਾਵੇਗਾ। ਈ-ਨੀਲਾਮੀ ਸੇਵਾਦਾਤਾ ਮੈਸਰਜ਼ ਅੰਤਰਾਸ ਸਿਸਟਮਜ਼ ਲਿਮਟਡ ਵਲੋਂ ਵੈੱਬਸਾਈਟ www.bankeauctionwizard.com 'ਤੇ ਵੇਚਿਆ ਜਾਵੇਗਾ।

ਕਰਜ਼ਦਾਰ(ਾਂ)/ਗਰੰਟਰ (ਾਂ) ਦਾ ਨਾਮ ਅਤੇ ਪਤਾ/ਬਰਾਂਚ ਦਾ ਨਾਂ	ਅਚੱਲ ਜਾਇਦਾਦਾਂ ਦਾ ਸੰਖੇਪ ਵੇਰਵਾ	ਕੁਲ ਦੇਣਕਾਰੀਆਂ ਦਰਸਾਈ ਮਿਤੀ ਨੂੰ	ਰਾਖਵੀਂ ਕੀਮਤ (ਰੁ.)	ਜਮ੍ਹਾ ਬਿਆਨਾ ਰਕਮ (ਈ.ਐਮ.ਡੀ.) (ਰੁ.)	ਖਾਤਾ ਨੰ. ਦੇ ਵੇਰਵੇ ਅਤੇ ਆਈ.ਐਫ.ਐਸ.ਸੀ. ਕੋਡ ਜਿੱਥੇ ਈਐਮਡੀ ਜਮ੍ਹਾਂ ਕੀਤੀ ਜਾਣੀ ਹੈ
ਕੇਨਰਾ ਬੈਂਕ, ਐਸਪੀਐਲ ਆਰਐਮ ਚੰਡੀਗੜ੍ਹ ਬਰਾਂਚ, ਸ੍ਰੀ ਅਨੁਰਾਗ ਕੁਮਾਰ ਚੀਫ਼ ਮੈਨੇਜਰ, ਮੋ.8727900188, ਫ਼ੋਨ : 0172-2601664 ਈਮੇਲ :cb5220@canarabank.com 1. ਮੈਸ. ਜੇ.ਆਰ. ਸਟਰਿਪਸ ਪ੍ਰਾ. ਲਿਮ. ਕੰਪਨੀਜ਼ ਐਕਟ 1956 ਅਧੀਨ ਇਕ ਕਾਰਪੋਰੇਟਿਡ ਕੰਪਨੀ ਜਿਸ ਦਾ ਰਜਿਸਟਰਡ ਦਫ਼ਤਰ ਹੈ 807, ਸ਼ਕਤੀ ਨਗਰ, ਬਠਿੰਡਾ ਵਿਖੇ, 2. ਸ੍ਰੀ ਜਨਕ ਰਾਜ ਬਾਂਸਲ ਪੁੱਤਰ ਸ੍ਰੀ ਲਛਮਣ ਦਾਸ ਡਾਇਰੈਕਟਰ ਜੇ ਆਰ ਸਟਰਿਪਸ ਪ੍ਰਾ ਲਿਮ ਵਾਸੀ 807, ਸ਼ਕਤੀ ਨਗਰ ਬਠਿੰਡਾ, 3. ਸ੍ਰੀ ਵਿਕਾਸ ਬਾਂਸਲ ਪੁੱਤਰ ਸ੍ਰੀ ਜਨਕ ਰਾਜ ਬਾਂਸਲ, ਡਾਇਰੈਕਟਰ ਜੇ ਆਰ ਸਟਰਿਪਸ ਪ੍ਰਾ ਲਿਮ ਵਾਸੀ 807, ਸ਼ਕਤੀ ਨਗਰ ਬਠਿੰਡਾ, 4. [illegible] 7. ਅਸ਼ੋਕ ਕੁਮਾਰ ਪੁੱਤਰ [illegible] ਗਲੀ ਨੰ. 20, ਗੁਰੂ ਤੇਗ ਬਹਾਦਰ ਨਗਰ (ਜੁਝਾਰ ਸਿੰਘ ਨਗਰ) ਬਠਿੰਡਾ, 8. [illegible] 807, ਸ਼ਕਤੀ ਨਗਰ, ਬਠਿੰਡਾ [illegible]	ਲੌਟ-1 : ਫੈਕਟਰੀ ਜ਼ਮੀਨ ਤੇ ਇਮਾਰਤ ਸਥਿਤ ਹੈ ਪਿੰਡ ਗੁਰੂਸਰ ਸਾਹਨੇਵਾਲ, ਡਬਵਾਲੀ ਰੋਡ, ਬਠਿੰਡਾ, ਮਿਣਤੀ 48 ਕਨਾਲ ਨਾਂ ਹੈ ਮੈਸ ਜੇ.ਆਰ. ਸਟਰਿਪਸ ਪ੍ਰਾ. ਲਿਮ. (ਸਮੇਤ ਪਲਾਂਟ, ਮਸ਼ੀਨਰੀ ਅਤੇ ਸਟਾਕ)	ਮਿਤੀ 30.06.2017 ਅਨੁਸਾਰ ਕੁੱਲ ਦੇਣਦਾਰੀ : ਰੂ. [illegible]	ਰੂ. 438.50 ਲੱਖ	ਰੂ. 43,85,000/-	ਕੇਨਰਾ ਬੈਂਕ ਐਸਪੀਐਲ ਏਆਰਐਮ ਚੰਡੀਗੜ੍ਹ ਬਰਾਂਚ ਖਾਤਾ ਨੰ. 5220296000001 ਆਈਐਫ਼ਐਸਸੀ ਕੋਡ: ਸੀਐਨਆਰਬੀ0005220
	ਲੌਟ-2 : ਪਲਾਂਟ ਅਤੇ ਮਸ਼ੀਨਰੀ		ਰੂ. 148.00 ਲੱਖ	Rs. 14,80,000/-	
	ਲੌਟ-3 : ਖਾਲੀ ਪਲਾਟ ਸਥਿਤ ਹੈ ਸਾਹਮਣੇ ਡੇਰਾ ਰਾਧਾ ਸਵਾਮੀ ਗੋਨਿਆਣਾ ਰੋਡ ਗਿੱਲ ਪੱਤੀ, ਬਠਿੰਡਾ ਨਾਂ ਹੈ ਕਾਂਤਾ ਬਾਂਸਲ ਦੇ ਮਿਣਤੀ 500 ਵ.ਗਜ਼		ਰੂ. 24.65 ਲੱਖ	ਰੂ. 2,46,500/-	
	ਲੌਟ-4 : ਖਾਲੀ ਪਲਾਟ ਸਥਿਤ ਹੈ ਗਲੀ ਨੰ. 31, ਲਾਲ ਸਿੰਘ ਬਸਤੀ ਬਠਿੰਡਾ ਨਾਂ ਹੈ ਸ੍ਰੀ ਵਿਕਾਸ ਬਾਂਸਲ ਪੁੱਤਰ ਸ੍ਰੀ ਜਨਕ ਰਾਜ ਦੇ ਮਿਣਤੀ 465 ਵ.ਗਜ਼		ਰੂ. 11.85 ਲੱਖ	ਰੂ. 1,18,500/-	
	ਲੌਟ-5 : ਖਾਲੀ ਪਲਾਟ ਸਥਿਤ ਹੈ ਗਲੀ ਨੰ 20, ਗੁਰੂ ਤੇਗ ਬਹਾਦਰ ਨਗਰ, ਬਠਿੰਡਾ [illegible]		ਰੂ. 25.95 ਲੱਖ	ਰੂ. 2,59,500/-	
	ਲੌਟ-6 : ਖਾਲੀ ਪਲਾਟ ਸਥਿਤ ਹੈ ਸਾਹਮਣੇ ਡੇਰਾ ਰਾਧਾ ਸਵਾਮੀ ਗੋਨਿਆਣਾ ਰੋਡ ਗਿੱਲ ਪੱਤੀ, ਬਠਿੰਡਾ [illegible] ਮਿਣਤੀ 500 ਵ.ਗਜ਼		ਰੂ. 24.65 ਲੱਖ	ਰੂ. 2,46,500/-	
	ਲੌਟ-7 : [illegible] ਮਿਣਤੀ 1200 ਵ.ਗਜ਼		ਰੂ. 51.00 ਲੱਖ	ਰੂ. 5,10,000/-	

[illegible]

ਵਿਸ਼ੇਸ਼ ਹਦਾਇਤਾਂ/ਚੇਤਾਵਨੀ

[illegible]

ਸਰਫੇਸੀ ਐਕਟ 2002 ਅਧੀਨ (ਸਕਿਊਰਿਟੀ ਇੰਟਰੱਸਟ ਰੂਲਜ਼ 2002 'ਚ ਸੋਧ ਅਨੁਸਾਰ ਜੋ ਕਿ ਨਵੰਬਰ 2016 ਤੋਂ ਅਸਰ 'ਚ ਆਏ ਹਨ) 30 ਦਿਨਾਂ ਦਾ ਕਾਨੂੰਨੀ ਵਿਕਰੀ ਨੋਟਿਸ

[illegible]

ਮਿਤੀ : 23.01.2018   ਸਥਾਨ : ਚੰਡੀਗੜ੍ਹ   ਅਧਿਕਾਰਤ ਅਫ਼ਸਰ, ਕੇਨਰਾ ਬੈਂਕ